# Family Violence: What Police Do / ਪ੍ਰਵਾਰਕ ਹਿੰਸਾ: ਪੁਲੀਸ ਕੀ ਕਰਦੀ ਹੈ

Point and Talk: Technical Terms Bilingual Tool / ਮੁੱਦੇ ਤੇ ਗੱਲਾਂ: ਤਕਨੀਕੀ ਸ਼ਬਦਾਵਲੀ ਦਾ ਦੋਭਾਸ਼ੀਆ ਸੰਦ

VICTORIA POLICE

Punjabi / ਪੰਜਾਬੀ

## More information, support and help / ਜ਼ਿਆਦਾ ਜਾਣਕਾਰੀ, ਸੇਵਾ ਤੇ ਸਹਾਇਤਾ ਵਾਸਤੇ

| Courts and Services | What it is or how they help | ਅਦਾਲਤਾਂ ਤੇ ਸੇਵਾਵਾਂ | ਉਹ ਕੀ ਕਰਦੇ ਹਨ |
|---|---|---|---|
| **Magistrates Court**<br>www.magistratescourt.org.au | State Court that hears family violence matters. | **ਮਜਿਸਟ੍ਰੇਟ ਦੀ ਅਦਾਲਤ**<br>www.magistratescourt.org.au | ਰਾਜ ਦੀ ਅਦਾਲਤ ਜੋ ਪ੍ਰਵਾਰਕ ਹਿੰਸਾ ਦੇ ਮਾਮਲਿਆਂ ਨੂੰ ਸੁਣਦੀ ਹੈ। |
| **Family Law Court**<br>www.familycourt.gov.au | Australian court that hears divorce, property and parenting after separation matters. | Family Law Court<br>www.familycourt.gov.au | ਆਸਟ੍ਰੇਲੀਆ ਦੀ ਅਦਾਲਤ ਜੋ ਵੱਖਰੇ ਹੋਣ ਤੋਂ ਬਾਅਦ ਤਲਾਕ, ਜਾਇਦਾਦ ਅਤੇ ਪਾਲਣ ਪੋਸਣ ਦੇ ਮਾਮਲਿਆਂ ਨੂੰ ਸੁਣਦੀ ਹੈ। |
| **Victoria Legal Aid**<br>1300 792 387<br>www.legalaid.vic.gov.au | A legal service that can give free telephone advice in a range of languages.<br>(M–F 8.45am-5.15pm) | **ਵਿਕਟੋਰੀਆ ਲੀਗਲ ਏਡ**<br>1300 792 387<br>www.legalaid.vic.gov.au | ਇਕ ਕਨੂੰਨੀ ਸੇਵਾ ਜੋ ਵੱਖ ਵੱਖ ਭਾਸ਼ਾਵਾਂ ਵਿੱਚ ਫੋਨ ਉਪਰ ਮੁਫਤ ਸਲਾਹ ਦੇ ਸਕਦੀ ਹੈ। (ਸੋਮਵਾਰ-ਸ਼ੁਕਰਵਾਰ 8.45 ਸਵੇਰ-5.15ਸ਼ਾਮ) |
| **Women's Legal Service Victoria**<br>8622 0600 (metro)<br>1800 133 302 (rural)<br>womenslegal.org.au | A women's legal service that can give free telephone advice with interpreters.<br>(Tu & Th 5.30-7.30pm) | **ਔਰਤਾਂ ਦੀ ਕਨੂੰਨੀ ਸਹਾਇਤਾ ਸੇਵਾ**<br>8622 0600 (ਸ਼ਹਿਰੀ)<br>1800 133 302 (ਦਿਹਾਤੀ)<br>womenslegal.org.au | ਔਰਤਾਂ ਦੀ ਕਨੂੰਨੀ ਸੇਵਾ ਜੋ ਫੋਨ ਉਪਰ ਦੋਭਾਸ਼ੀਏ ਦੇ ਨਾਲ ਮੁਫਤ ਸਲਾਹ ਦੇ ਸਕਦੀ ਹੈ। (ਮੰਗਲਵਾਰ ਤੇ ਵੀਰਵਾਰ 5:30-7:30 ਸ਼ਾਮ) |
| **Victims of Crime Helpline**<br>1800 819 817<br>www.victimsofcrime.vic.gov.au | Support service for victims of family violence and other crimes (women or men).<br>(9.00 am – 11.00 pm every day) | **ਜੁਰਮ ਦੇ ਸ਼ਿਕਾਰ ਲੋਕਾਂ ਲਈ ਸਹਾਇਤਾ ਲਾਈਨ**<br>1800 819 817<br>www.victimsofcrime.vic.gov.au | ਪ੍ਰਵਾਰਕ ਹਿੰਸਾ ਤੇ ਹੋਰ ਜੁਰਮਾਂ ਦੇ ਸ਼ਿਕਾਰ (ਔਰਤਾਂ ਜਾਂ ਆਦਮੀਆਂ) ਵਾਸਤੇ ਸਹਾਰਾ ਸੇਵਾ। (9:00 ਸਵੇਰ – 11:00 ਸ਼ਾਮ ਹਰੇਕ ਦਿਨ) |
| **1800 Respect**<br>1800 737 732 (24 hours)<br>www.1800respect.org.au | National telephone support service for victims of sexual assault and family violence. | 1800 Respect<br>1800 737 732 (24 ਘੰਟੇ)<br>www.1800respect.org.au | ਜਿਨਸੀ ਜੁਰਮਾਂ ਅਤੇ ਪ੍ਰਵਾਰਕ ਹਿੰਸਾ ਦੇ ਸ਼ਿਕਾਰ ਲੋਕਾਂ ਲਈ ਰਾਸ਼ਟਰੀ ਫੋਨ ਸਹਾਰਾ ਸੇਵਾ। |
| **Sexual Assault Crisis Line**<br>1800 806 292 (24 hours)<br>www.sacl.com.au | Support services for victims of sexual assault.<br>(Statewide 24 hours) | **ਜਿਨਸੀ ਹਿੰਸਾ ਸੰਕਟ ਲਾਈਨ**<br>1800 806 292 (**24** ਘੰਟੇ)<br>www.sacl.com.au | ਜਿਨਸੀ ਜੁਰਮਾਂ ਦੇ ਸ਼ਿਕਾਰ ਲਈ ਸਹਾਰਾ ਸੇਵਾਵਾਂ।<br>(ਸਾਰੇ ਸੂਬੇ ਵਿੱਚ 24 ਘੰਟੇ) |
| **Safe Steps**<br>Family Violence Response Centre<br>1800 015 188<br>www.safesteps.org.au | Women's support & referral service.<br>(24 hours) | Safe Steps<br>ਪ੍ਰਵਾਰਕ ਹਿੰਸਾ ਹੁੰਗਾਰਾ ਕੇਂਦਰ<br>1800 015 188<br>www.safesteps.org.au | ਔਰਤਾਂ ਦੀ ਸਹਾਰਾ ਤੇ ਅਗਵਾਈ ਸੇਵਾ।<br>(24 ਘੰਟੇ) |
| **Men's Referral Service**<br>1300 766 491<br>www.ntvmrs.org.au | Men's family violence support service.<br>(M – F, 9.00am – 9.00 pm) | **ਮਰਦਾਂ ਦੀ ਅਗਵਾਈ ਸੇਵਾ**<br>1300 766 491<br>www.ntvmrs.org.au | ਮਰਦਾਂ ਦੀ ਪ੍ਰਵਾਰਕ ਹਿੰਸਾ ਸਹਾਰਾ ਸੇਵਾ।<br>(9 ਸਵੇਰ – 9 ਸ਼ਾਮ ਸੋਮਵਾਰ – ਸ਼ੁਕਰਵਾਰ) |
| **MensLine Australia**<br>1300 78 99 78 (24 hours)<br>www.mensline.org.au | Men's family violence support service.<br>(24 hours) | **ਮੈਨਜ਼ਲਾਈਨ ਆਸਟ੍ਰੇਲੀਆ**<br>1300 78 99 78 (**24** ਘੰਟੇ)<br>www.mensline.org.au | ਮਰਦਾਂ ਦੀ ਪ੍ਰਵਾਰਕ ਹਿੰਸਾ ਸਹਾਰਾ ਸੇਵਾ।<br>(24 ਘੰਟੇ) |
| **Housing Statewide Referral**<br>1800 825 955 (24 hours) | Telephone service that can assist with emergency housing. | Housing Statewide Referral<br>1800 825 955 (**24** ਘੰਟੇ) | ਟੈਲੀਫੋਨ ਸੇਵਾ ਜੋ ਰਿਹਾਇਸ਼ ਦੇ ਸੰਕਟ ਸਮੇਂ ਸਹਾਇਤਾ ਕਰ ਸਕਦੀ ਹੈ। |

**In an emergency, call Triple Zero (000)**

**ਸੰਕਟ ਵੇਲੇ ਤਿੰਨ ਜ਼ੀਰੋ** (000) **ਉਪਰ ਫੋਨ ਕਰੋ**

ਦੋਭਾਸ਼ੀਆ ਸੇਵਾਵਾਂ
24 ਘੰਟੇ
**131 450**
https://www.tisnational.gov.au

**ਰੀਲੇਅ ਸੇਵਾਵਾਂ** (24 ਘੰਟੇ)
ਉਨ੍ਹਾਂ ਲੋਕਾਂ ਲਈ ਜੋ ਬੋਲੇ ਹਨ ਜਾਂ ਸੁਣਨ ਤੇ ਬੋਲਣ ਦੀ ਵਿਕਲਾਂਗਤਾ ਹੈ
www.relayservice.gov.au

ਸੰਕਟ ਵੇਲੇ, ਫੋਨ ਕਰੋ
**ਤਿੰਨ ਜ਼ੀਰੋ (000)**

## Technical terms and definitions / ਤਕਨੀਕੀ ਸ਼ਬਦ ਅਤੇ ਪਰਿਭਾਸ਼ਾਵਾਂ

| Technical terms | Definition | ਤਕਨੀਕੀ ਸ਼ਬਦ | ਪਰਿਭਾਸ਼ਾ |
|---|---|---|---|
| Civil action (for family violence) | Legal action to protect rights, a non-criminal measure (e.g. application for an **intervention order**). | ਸਿਵਲ ਕਾਰਵਾਈ (ਪ੍ਰਵਾਰਕ ਹਿੰਸਾ ਲਈ) | ਹੱਕਾਂ ਦੀ ਰਾਖੀ ਲਈ ਕਨੂੰਨੀ ਕਾਰਵਾਈ, ਇਕ ਬਿਨ-ਅਪਰਾਧ ਉਪਾਅ (ਜਿਵੇਂ ਕਿ **ਦਖਲ ਆਦੇਸ਼** ਲਈ ਅਰਜ਼ੀ)। |
| Family violence | Behaviour by a family member that creates harm, fear and control over an intimate partner or ex-partner, children, or other family members. It includes physical assault, sexual assault, and emotional, psychological or financial abuse. | ਪ੍ਰਵਾਰਕ ਹਿੰਸਾ | ਪ੍ਰਵਾਰ ਦੇ ਇਕ ਜੀਅ ਦਾ ਵਤੀਰਾ ਜੋ ਨਿਕਟੀ ਸਾਥੀ ਜਾਂ ਛੱਡ ਚੁੱਕੇ ਸਾਥੀ, ਬੱਚਿਆਂ, ਜਾਂ ਪ੍ਰਵਾਰ ਦੇ ਹੋਰ ਜੀਆਂ ਨੂੰ ਨੁਕਸਾਨ, ਡਰ ਜਾਂ ਕੰਟਰੋਲ ਕਰਦਾ ਹੈ। ਇਸ ਵਿੱਚ ਜਿਸਮਾਨੀ ਹਮਲਾ, ਲਿੰਗੀ ਹਿੰਸਾ, ਅਤੇ ਜਜ਼ਬਾਤੀ, ਮਾਨਸਿਕ ਜਾਂ ਆਰਥਿਕ ਬਦਸਲੂਕੀ ਸ਼ਾਮਲ ਹਨ। |
| Respondent or other party | A person who is legally on notice, or ordered, to stop family violence. | ਜਵਾਬਦੇਹ ਜਾਂ ਦੂਸਰੀ ਧਿਰ | ਪ੍ਰਵਾਰਕ ਹਿੰਸਾ ਨੂੰ ਰੋਕਣ ਵਾਸਤੇ, ਇਕ ਵਿਅਕਤੀ ਜੋ ਕਨੂੰਨੀ ਨੋਟਿਸ, ਜਾਂ ਆਦੇਸ਼ ਉਪਰ ਹੈ। |
| Protected person / victim/ affected family member (AFM) | A person, who is protected from family violence by a **family violence safety notice** or **intervention order**. Children can be protected people. Children who are under 18 years can be included on a protected parent's order. | ਸੁਰੱਖਿਅਤ ਵਿਅਕਤੀ / ਸ਼ਿਕਾਰ / ਪ੍ਰਵਾਰ ਦਾ ਪ੍ਰਭਾਵਤ ਜੀਅ (ਏ ਐਫ ਐਮ) | ਇਕ ਵਿਅਕਤੀ, ਜਿਸ ਨੂੰ **ਦਖਲ ਆਦੇਸ਼** ਜਾਂ **ਪ੍ਰਵਾਰਕ ਸੁਰੱਖਿਆ ਨੋਟਿਸ** ਰਾਹੀਂ ਪ੍ਰਵਾਰਕ ਹਿੰਸਾ ਤੋਂ ਬਚਾਇਆ ਜਾਂਦਾ ਹੈ। ਬੱਚੇ ਸੁਰੱਖਿਅਤ ਲੋਕ ਹੋ ਸਕਦੇ ਹਨ। ਬੱਚੇ ਜੋ 18 ਸਾਲ ਤੋਂ ਛੋਟੇ ਹਨ, ਨੂੰ ਮਾਪਿਆਂ ਦੇ ਸੁਰੱਖਿਆ ਆਦੇਸ਼ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। |
| Family Violence Safety Notice (FVSN) | A legal notice issued by police to prohibit family violence until the court hearing. | ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ (ਐਫ ਵੀ ਐਸ ਐਨ) | ਅਦਾਲਤ ਦੀ ਸੁਣਵਾਈ ਤੱਕ ਪ੍ਰਵਾਰਕ ਹਿੰਸਾ ਨੂੰ ਰੋਕਣ ਵਾਸਤੇ ਪੁਲੀਸ ਵੱਲੋਂ ਜਾਰੀ ਕੀਤਾ ਕਨੂੰਨੀ ਨੋਟਿਸ। |
| Family Violence Intervention Order (FVIO) | An order or written direction made by a court to prohibit family violence. | ਪ੍ਰਵਾਰਕ ਹਿੰਸਾ ਦਖਲ ਆਦੇਸ਼ (ਐਫ ਵੀ ਆਈ ਓ) | ਪ੍ਰਵਾਰਕ ਹਿੰਸਾ ਨੂੰ ਰੋਕਣ ਲਈ ਅਦਾਲਤ ਵੱਲੋਂ ਇਕ ਆਦੇਸ਼ ਜਾਂ ਲਿਖਤੀ ਹਿਦਾਇਤ। |
| Exclusion condition | A condition on the **family violence safety notice** or **intervention order** that bans the respondent from coming near the protected person, or the places the **intervention order** lists (e.g. protected person's home, work, school or child care). | ਬੇਦਖਲੀ ਦੀਆਂ ਸ਼ਰਤਾਂ | **ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਉਪਰ ਇਕ ਸ਼ਰਤ ਜੋ ਜਵਾਬਦੇਹ ਨੂੰ ਸੁਰੱਖਿਅਤ ਵਿਅਕਤੀ ਦੇ ਕੋਲ ਆਉਣ ਜਾਂ **ਦਖਲ ਆਦੇਸ਼** ਉਪਰ ਲਿਖੀਆਂ ਜਗ੍ਹਾਵਾਂ (ਜਿਵੇਂ ਸੁਰੱਖਿਅਤ ਵਿਅਕਤੀ ਦਾ ਘਰ, ਕੰਮ, ਸਕੂਲ ਜਾਂ ਚਾਈਲਡ ਕੇਅਰ) ਤੇ ਜਾਣ ਤੋਂ ਰੋਕਦੀ ਹੈ |
| Served | When the **family violence safety notice** or **intervention order** or is legally delivered to the respondent, it is 'served' and must be obeyed. | ਪਹੁੰਚਾ ਦਿੱਤਾ ਗਿਆ | ਜਦੋਂ **ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਜਵਾਬਦੇਹ ਵਿਅਕਤੀ ਨੂੰ ਪਹੁੰਚਾ ਦਿੱਤਾ ਜਾਂਦਾ ਹੈ, ਇਸ 'ਮਿਲੇ' ਨੋਟਿਸ ਦਾ ਪਾਲਣ ਕਰਨਾ ਹਰ ਹਾਲ ਵਿੱਚ ਜ਼ਰੂਰੀ ਹੈ। |
| Contravention or breach | If a respondent has disobeyed a condition on a **family violence safety notice** or **intervention order** this is a 'contravention' or 'breach'. A contravention should be reported to police as soon as possible and can result in criminal charges. | ਵੱਡੀ ਉਲੰਘਣਾ ਜਾਂ ਉਲੰਘਣਾ | ਜੇਕਰ ਜਵਾਬਦੇਹ **ਪ੍ਰਵਾਰਕ ਹਿੰਸਾ ਸੁਰੱਖਿਆ ਨੋਟਿਸ** ਜਾਂ **ਦਖਲ ਆਦੇਸ਼** ਦੀ ਸ਼ਰਤ ਦੀ ਉਲੰਘਣਾ ਕਰਦਾ ਹੈ, ਇਸ ਨੂੰ 'ਸਖਤ ਉਲੰਘਣ' ਜਾਂ 'ਉਲੰਘਣਾ' ਕਹਿੰਦੇ ਹਨ। ਸਖਤ ਉਲੰਘਣ ਬਾਰੇ ਜਿੰਨ੍ਹੀ ਛੇਤੀ ਹੋ ਸਕੇ ਪੁਲੀਸ ਨੂੰ ਦੱਸਣਾ ਚਾਹੀਦਾ ਹੈ ਅਤੇ ਨਤੀਜੇ ਵਜੋਂ ਅਪਰਾਧਿਕ ਦੋਸ਼ ਲੱਗ ਸਕਦੇ ਹਨ। |
| Arrest | The detention of a person who police reasonably believe has broken a law. | ਗ੍ਰਿਫਤਾਰੀ | ਇਕ ਵਿਅਕਤੀ ਦੀ ਹਿਰਾਸਤ, ਜਦੋਂ ਪੁਲੀਸ ਨੂੰ ਪੱਕਾ ਯਕੀਨ ਹੁੰਦਾ ਹੈ ਕਿ ਕਨੂੰਨ ਤੋੜਿਆ ਗਿਆ ਹੈ। |
| Criminal Charge | When a police investigation has enough evidence, or information, that a person has broken the law, a charge is laid so the person has to come to court. | ਅਪਰਾਧਿਕ ਦੋਸ਼ | ਜਦੋਂ ਪੁਲੀਸ ਕੋਲ ਤਫਤੀਸ਼ ਦੌਰਾਨ ਕਾਫੀ ਸਬੂਤ, ਜਾਂ ਜਾਣਕਾਰੀ ਹੁੰਦੀ ਹੈ ਕਿ ਵਿਅਕਤੀ ਨੇ ਕਨੂੰਨ ਤੋੜਿਆ ਹੈ, ਦੋਸ਼ ਮੜ੍ਹਿਆ ਜਾਂਦਾ ਹੈ ਤਾਂ ਕਿ ਵਿਅਕਤੀ ਨੂੰ ਅਦਾਲਤ ਵਿੱਚ ਬੁਲਾਇਆ ਜਾ ਸਕੇ। |

**In an emergency, call Triple Zero (000)**

**ਸੰਕਟ ਵੇਲੇ ਤਿੰਨ ਜ਼ੀਰੋ (000) ਉਪਰ ਫੋਨ ਕਰੋ**

VICTORIA POLICE

## Police Roles / ਪੁਲੀਸ ਦੀ ਭੂਮਿਕਾ

| Police Roles | What they do | ਪੁਲੀਸ ਦੀ ਭੂਮਿਕਾ | ਉਹ ਕੀ ਕਰਦੇ ਹਨ |
|---|---|---|---|
| **Informant** | A police officer who lays a charge. | **ਸੂਚਨਾ ਦੇਣ ਵਾਲਾ** | ਇਕ ਪੁਲੀਸ ਅਫਸਰ ਜੋ ਦੋਸ਼ ਮੜ੍ਹਦਾ ਹੈ। |
| **Investigator** | A police officer who is investigating the report of family violence. | **ਤਫਤੀਸ਼ ਕਰਨ ਵਾਲਾ** | ਇਕ ਪੁਲੀਸ ਅਫਸਰ ਜੋ ਪ੍ਰਵਾਰਕ ਹਿੰਸਾ ਦੀ ਪੜਤਾਲ ਕਰਦਾ ਹੈ। |
| **Family Violence Liaison Officer (FVLO)** | A police officer who oversees family violence matters in a police area, based at 24 hour station. | **ਪ੍ਰਵਾਰਕ ਹਿੰਸਾ ਤਾਲਮੇਲ ਅਫਸਰ (ਐਫ ਵੀ ਐਲ ਓ)** | ਇਕ ਪੁਲੀਸ ਅਫਸਰ ਜੋ ਪੁਲੀਸ ਖੇਤਰ ਦੇ ਪ੍ਰਵਾਰਕ ਹਿੰਸਾ ਦੇ ਮਾਮਲਿਆਂ ਨੂੰ ਵੇਖਦਾ ਹੈ, 24 ਘੰਟਿਆਂ ਵਾਲੇ ਥਾਣੇ ਵਿੱਚ ਹੁੰਦਾ ਹੈ। |
| **Officer in charge (OIC)** | Officer in charge, or supervisor, of police station. | **ਮੁੱਖ ਅਫਸਰ (ਓ ਆਈ ਸੀ)** | ਥਾਣੇ ਦਾ ਮੁੱਖ ਅਫਸਰ, ਜਾਂ ਸੁਪਰਵਾਈਜ਼ਰ। |
| **Family Violence, Court Liaison Officer (FVCLO)** | A police officer at a major magistrate's court who liaises with all parties of family violence **intervention order** applications made by police. | **ਅਦਾਲਤ ਦਾ ਪ੍ਰਵਾਰਕ ਹਿੰਸਾ ਤਾਲਮੇਲ ਅਫਸਰ (ਐਫ ਵੀ ਸੀ ਐਲ ਓ)** | ਮਜਿਸਟ੍ਰੇਟ ਦੀ ਅਦਾਲਤ ਵਿੱਚ ਇਕ ਪੁਲੀਸ ਅਫਸਰ ਜੋ ਪੁਲੀਸ ਦੁਆਰਾ ਪ੍ਰਵਾਰਕ ਹਿੰਸਾ ਦੇ **ਦਖਲ ਆਦੇਸ਼** ਦੀਆਂ ਅਰਜ਼ੀਆਂ ਨਾਲ ਜੁੜੀਆਂ ਸਾਰੀਆਂ ਧਿਰਾਂ ਨਾਲ ਤਾਲਮੇਲ ਕਰਦਾ ਹੈ। |
| There are police liaison officers who are dedicated to support the diversity within the community ask at your local station or see www.police.vic.gov.au | | ਇਥੇ ਪੁਲੀਸ ਤਾਲਮੇਲ ਅਫਸਰ ਹੁੰਦੇ ਹਨ ਜੋ ਭਾਈਚਾਰੇ ਦੇ ਅੰਦਰ ਵਿਭਿੰਨਤਾ ਨੂੰ ਸਹਾਰਾ ਦੇਣ ਲਈ ਸਮਰਪਿਤ ਹੁੰਦੇ ਹਨ, ਆਪਣੇ ਸਥਾਨਕ ਥਾਣੇ ਤੋਂ ਪਤਾ ਕਰੋ ਜਾਂ www.police.vic.gov.au ਵੇਖੋ | |
| If you have concerns about how police acted, ask to talk with the supervisor or officer in charge at your police station or see 'compliments and complaints' at www.police.vic.gov.au | | ਜੇ ਤੁਹਾਨੂੰ ਪੁਲੀਸ ਦੁਆਰਾ ਕੀਤੀ ਕਾਰਵਾਈ ਬਾਰੇ ਚਿੰਤਾ ਹੈ, ਆਪਣੇ ਥਾਣੇ ਦੇ ਸੁਪਰਵਾਈਜ਼ਰ ਜਾਂ ਮੁੱਖ ਅਫਸਰ ਨਾਲ ਗੱਲ ਕਰਨ ਵਾਸਤੇ ਕਹੋ ਜਾਂ 'ਸ਼ਲਾਘਾ ਅਤੇ ਸ਼ਿਕਾਇਤਾਂ' www.police.vic.gov.au ਉਪਰ ਵੇਖੋ | |
| Police working with you can suggest local and other specialist services. | | ਤੁਹਾਡੇ ਨਾਲ ਕੰਮ ਕਰ ਰਹੀ ਪੁਲੀਸ ਸਥਾਨਕ ਤੇ ਹੋਰ ਮਾਹਰ ਸੇਵਾਵਾਂ ਲਈ ਸਲਾਹ ਦੇ ਸਕਦੀ ਹੈ। | |

**In an emergency, call Triple Zero (000)**

**ਸੰਕਟ ਵੇਲੇ ਤਿੰਨ ਜ਼ੀਰੋ (000) ਉਪਰ ਫੋਨ ਕਰੋ**